# ਵਿਸ਼ਵ ਪੁਸਤਕ ਦਿਵਸ ਮੌਕੇ ਸਾਹਿਤ ਅਕਾਦਮੀ ਨੇ ਗੋਸ਼ਟੀ ਕਰਵਾਈ

## ਬੁਲਾਰਿਆਂ ਨੇ ਤਕਨੀਕ ਅਤੇ ਕਿਤਾਬਾਂ ਦੇ ਭਵਿੱਖ ਬਾਰੇ ਆਪਣੇ ਵਿਚਾਰ ਕੀਤੇ ਸਾਂਝੇ

ਨਵੀਂ ਦਿੱਲੀ, 24 ਅਪ੍ਰੈਲ (ਮਿਸਰਦੀਪ ਭਾਟੀਆ)-ਵਿਸ਼ਵ ਪੁਸਤਕ ਦਿਵਸ ਮੌਕੇ ਸਾਹਿਤ ਅਕਾਦਮੀ ਨੇ ਰਵਿੰਦਰ ਭਵਨ ਵਿਖੇ ਆਪਣੇ ਕਾਨਫ਼ਰੰਸ ਹਾਲ ਵਿਚ 'ਤਕਨਾਲੋਜੀ ਅਤੇ ਕਿਤਾਬਾਂ : ਪੜ੍ਹਨ ਅਤੇ ਲੇਖਣ ਦਾ ਭਵਿੱਖ' ਵਿਸ਼ੇ 'ਤੇ ਇਕ ਗੋਸ਼ਟੀ ਦਾ ਆਯੋਜਨ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਵਿਚ ਅਕਾਦਮੀ ਦੇ ਸਕੱਤਰ ਡਾ. ਕੇ. ਸ੍ਰੀਨਿਵਾਸਰਾਓ ਨੇ ਬੁਲਾਰਿਆਂ ਨੂੰ ਕਿਤਾਬਾਂ ਭੇਟ ਕਰ ਕੇ ਸਵਾਗਤ ਕੀਤਾ। ਉਨ੍ਹਾਂ ਆਪਣੇ ਸਵਾਗਤੀ ਭਾਸ਼ਣ ਵਿਚ ਕਿਹਾ ਕਿ ਸੋਸ਼ਲ ਮੀਡੀਆ ਨੇ ਲੇਖਕ ਅਤੇ ਪਾਠਕ ਵਿਚਲੀ ਦੂਰੀ ਨੂੰ ਖ਼ਤਮ ਕਰ ਦਿੱਤਾ। ਪ੍ਰੋਗਰਾਮ ਦੀ ਪ੍ਰਧਾਨਗੀ ਸੰਗੀਤ ਨਾਟਕ ਅਕਾਦਮੀ ਦੀ ਪ੍ਰਧਾਨ ਡਾ. ਸੰਧਿਆ ਪੁਰੇਚਾ ਨੇ ਕੀਤੀ। ਉਨ੍ਹਾਂ ਕਿਹਾ ਕਿ ਕਿਤਾਬਾਂ ਕਦੇ ਖ਼ਤਮ ਨਹੀਂ ਹੋਣਗੀਆਂ। ਅੱਜ ਦੀ ਨੌਜਵਾਨ ਪੀੜ੍ਹੀ ਨੂੰ ਇੰਟਰਨੈੱਟ ਰਾਹੀਂ ਆਪਣੀ ਪਸੰਦ ਦੀ ਪੁਸਤਕ ਆਸਾਨੀ ਨਾਲ ਪੜ੍ਹਨ ਨੂੰ ਮਿਲਦੀ ਹੈ, ਭਾਵੇਂ ਉਹ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਕਿਉਂ ਨਾ ਹੋਵੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਾਨੂੰ ਕਿਤਾਬਾਂ ਪੜ੍ਹਨੀਆਂ ਚਾਹੀਦੀਆਂ ਹਨ, ਲਿਖਣੀਆਂ ਚਾਹੀਦੀਆਂ ਹਨ, ਉਨ੍ਹਾਂ ਉੱਤੇ ਸਵਾਲ ਕਰਨੇ ਚਾਹੀਦੇ ਹਨ ਅਤੇ ਵਿਦਵਾਨਾਂ ਨਾਲ ਸਮਾਂ ਬਿਤਾਉਣਾ ਚਾਹੀਦਾ ਹੈ।

ਪੱਤਰਕਾਰ ਜੇ ਪ੍ਰਕਾਸ਼ ਪਾਂਡੇ ਨੇ ਆਪਣੇ ਬਿਆਨ ਵਿਚ ਕਿਹਾ ਕਿ ਜਦੋਂ ਤਕਨੀਕ ਨਹੀਂ ਸੀ ਉਦੋਂ ਵੀ ਸ਼ਬਦਾਂ ਦਾ ਬੋਲਬਾਲਾ ਸੀ ਫਿਰ ਹੌਲੀ-ਹੌਲੀ ਲਿਪੀ ਦਾ ਵਿਕਾਸ ਹੋਇਆ। ਉਨ੍ਹਾਂ ਕਿਹਾ ਕਿ ਪੜ੍ਹਨ ਅਤੇ ਲਿਖਣ ਦੇ ਨਾਲ-ਨਾਲ ਸਾਨੂੰ ਉਨ੍ਹਾਂ ਦੀ ਗੁਣਵੱਤਾ ਦਾ ਵੀ ਧਿਆਨ ਰੱਖਣਾ ਹੋਵੇਗਾ। ਪ੍ਰਕਾਸ਼ਕ ਅਤੇ ਸੰਪਾਦਕ ਸ੍ਰੀਮਤੀ ਮੰਜੂ ਲੋਖੰਡੇ ਨੇ ਰਿਕਾਰਡਾਂ ਤੋਂ ਬੁੱਕ ਟਾਕ ਬਾਰੇ ਗੱਲ ਕੀਤੀ। ਉਨ੍ਹਾਂ ਕਿਹਾ ਕਿ ਸਾਨੂੰ ਤਕਨਾਲੋਜੀ ਦੀ ਵਰਤੋਂ ਕਰਦੇ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅੱਜ ਦੁਨੀਆ ਦੇ 90 ਫ਼ੀਸਦੀ ਲੇਖਕਾਂ ਨੂੰ ਸੰਪਾਦਕ ਨਹੀਂ ਮਿਲਦੇ ਅਤੇ ਉਨ੍ਹਾਂ ਨੂੰ ਆਪਣੀ ਰਚਨਾ ਬਿਨਾਂ ਸੰਪਾਦਕ ਦੇ ਛਾਪਣੀ ਪੈਂਦੀ ਹੈ। ਇਸ ਜ਼ਰੂਰਤ ਨੂੰ ਧਿਆਨ ਵਿਚ ਰੱਖਦੇ ਹੋਏ ਉਨ੍ਹਾਂ ਇਕ ਐਪ ਬਣਾਇਆ ਹੈ ਜੋ ਸੰਪਾਦਨ ਦਾ ਕੰਮ ਆਸਾਨੀ ਨਾਲ ਕਰਦਾ ਹੈ। ਪ੍ਰੋਗਰਾਮ ਵਿਚ ਚਿੱਤਰਕਾਰ ਪ੍ਰੇਮ ਸਿੰਘ ਨੇ ਪੜ੍ਹਨ ਅਤੇ ਲੇਖਨ ਦੇ ਭਵਿੱਖ ਬਾਰੇ ਗੱਲ ਕੀਤੀ। ਉਨ੍ਹਾਂ ਕਿਹਾ ਕਿ ਪੁਸਤਕ ਹਮੇਸ਼ਾ ਰਹਿਣ ਵਾਲੀ ਵਸਤੂ ਹੈ। ਡਾਕਟਰ ਸਿੰਧੂ ਮਿਸ਼ਰਾ ਨੇ ਆਪਣੇ ਬਿਆਨ ਵਿਚ ਦੱਸਿਆ ਕਿ ਅੱਜ ਸਾਰੀਆਂ ਕਲਾਵਾਂ ਵਿਚ ਕਹਾਣੀਆਂ ਦੀ ਖਾਣ ਹੈ। ਸੂਚਨਾ ਖੇਤਰ ਨਾਲ ਜੁੜੀ ਸ੍ਰੀਮਤੀ ਊਸ਼ਾ ਮਧੂ ਮੁਰਲੀ ਨੇ ਪਾਵਰ ਪੁਆਇੰਟ ਪੇਸ਼ਕਾਰੀ ਰਾਹੀਂ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਹੁਣ ਕਿਤਾਬਾਂ ਫੋਨ ਦੇ ਪਰਦੇ 'ਤੇ ਆ ਗਈਆਂ ਹਨ। ਹੁਣ ਕਹਾਣੀਆਂ ਸਿਰਫ਼ ਪੰਨਿਆਂ 'ਤੇ ਹੀ ਲਿਖੀਆਂ ਨਹੀਂ ਰਹਿੰਦੀਆਂ। ਹਿੰਦੀ ਕਵੀ ਤੇਜਿੰਦਰ ਸਿੰਘ ਲੂਥਰਾ ਨੇ ਕਿਹਾ ਜੇਕਰ ਸਾਡੇ ਪੁਰਖਿਆਂ ਨੇ ਲਿਪੀ ਦੀ ਖੋਜ ਨਾ ਕੀਤੀ ਹੁੰਦੀ ਤਾਂ ਅੱਜ ਅਸੀਂ ਏ ਆਈ. ਤੱਕ ਨਾ ਪਹੁੰਚ ਸਕਦੇ। ਸਾਨੂੰ ਆਪਣੇ ਆਰਾਮ ਖੇਤਰ ਵਿਚੋਂ ਬਾਹਰ ਨਿਕਲਣਾ ਹੋਵੇਗਾ ਅਤੇ ਖੁੱਲ੍ਹੇ ਦਿਲ ਨਾਲ ਨਵੀਂ ਤਕਨੀਕ ਦਾ ਸਵਾਗਤ ਕਰਨਾ ਹੋਵੇਗਾ। ਪ੍ਰੋਗਰਾਮ ਦਾ ਸੰਚਾਲਨ ਅਕਾਦਮੀ ਦੇ ਉਪ ਸਕੱਤਰ ਡਾ. ਦੇਵਿੰਦਰ ਕੁਮਾਰ ਦੇਵੇਸ਼ ਨੇ ਕੀਤਾ।




ਗੋਸ਼ਟੀ ਵਿਚ ਭਾਗ ਲੈ ਰਹੇ ਲੇਖਕ ਅਤੇ ਵਿਦਵਾਨ।